# Punjab Government Gazette

## EXTRAORDINARY

*Published by Authority*

CHANDIGARH, THURSDAY, APRIL 2, 2026
(CHAITRA 12, 1948 SAKA)


ਵਿਧਾਨਕ ਅਨੁਪੂਰਕ


| | ਮਜ਼ਮੂਨ | ਪੰਨੇ |
|---|---|---|
| **ਭਾਗ I** | **ਐਕਟ** | |
| | 1. ਪੰਜਾਬ ਸੰਪੱਤੀ ਦੇ ਵਿਰੂਪਣ ਦੀ ਰੋਕਥਾਮ ਐਕਟ, 1997 (1998 ਦਾ ਪੰਜਾਬ ਐਕਟ ਨੰ. 7) | ... 361-362 |
| **ਭਾਗ II** | **ਆਰਡੀਨੈਂਸ** | |
| | *ਕੋਈ ਨਹੀਂ* | |
| **ਭਾਗ III** | **ਅਧੀਨ ਵਿਧਾਨਕਾਰੀ** | |
| | *ਕੋਈ ਨਹੀਂ* | |
| **ਭਾਗ IV** | **ਦਰੁਸਤੀ ਪਰਚੀਆਂ, ਪੁਨਰ ਪ੍ਰਕਾਸ਼ਨਾਵਾਂ ਅਤੇ ਬਦਲੇ ਪੰਨੇ** | |
| | *ਕੋਈ ਨਹੀਂ* | |


------

ਭਾਗ –1

**ਪੰਜਾਬ ਸਰਕਾਰ**

ਕਾਨੂੰਨੀ ਅਤੇ ਵਿਧਾਨਿਕ ਕਾਰ–ਵਿਹਾਰ ਵਿਭਾਗ

**ਅਧਿਸੂਚਨਾ**

ਮਿਤੀ 2 ਅਪ੍ਰੈਲ, 2026

ਨੰ: 29/ਭ.ਕ./2026.– ਪੰਜਾਬ ਸੰਪੱਤੀ ਦੇ ਵਿਰੂਪਣ ਦੀ ਰੋਕਥਾਮ ਐਕਟ, 1997 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ: 5) ਦੀ ਧਾਰਾ 6–ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ।

DEPARTMENT OF LEGAL AND LEGISLATIVE AFFAIRS

**NOTIFICATION**

The 2nd April, 2026

No. 29/L.C./2026.- The Translation in Punjabi of the Punjab Prevention of Defacement of Property Act, 1997 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No. 5 of 1967).

**ਪੰਜਾਬ ਸੰਪੱਤੀ ਦੇ ਵਿਰੂਪਣ ਦੀ ਰੋਕਥਾਮ ਐਕਟ, 1997**

**(1998 ਦਾ ਪੰਜਾਬ ਐਕਟ ਨੰ: 7)**

ਸੰਪੱਤੀ ਦੇ ਵਿਰੂਪਣ ਦੀ ਰੋਕਥਾਮ ਅਤੇ ਇਸ ਨਾਲ ਸਬੰਧਤ ਜਾਂ ਇਸ ਦੇ ਅਨੁਸੰਗਕ ਮਾਮਲਿਆਂ ਲਈ ਉਪਬੰਧ ਕਰਨ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਅਠਤਾਲੀਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ–ਲਿਖੇ ਅਨੁਸਾਰ ਇਹ ਐਕਟ ਬਣੇ:–

1. (1) ਇਸ ਐਕਟ ਨੂੰ ਪੰਜਾਬ ਸੰਪੱਤੀ ਦੇ ਵਿਰੂਪਣ ਦੀ ਰੋਕਥਾਮ ਐਕਟ, 1997 ਕਿਹਾ ਜਾ ਸਕੇਗਾ। ਸੰਖੇਪ ਨਾਂ, ਵਿਸਤਾਰ ਅਤੇ ਅਰੰਭ।

(2) ਇਸ ਦਾ ਵਿਸਤਾਰ ਪੂਰੇ ਪੰਜਾਬ ਰਾਜ ਤੇ ਹੈ।

(3) ਇਹ ਅਜਿਹੀ ਤਰੀਕ ਨੂੰ ਨਾਫ਼ਜ਼ ਹੋਵੇਗਾ, ਜਿਵੇਂ ਰਾਜ ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਅਰਾ, ਨਿਯਤ ਕਰੇ।

2. ਇਸ ਐਕਟ ਵਿੱਚ, ਜੇ ਪ੍ਰਸੰਗ ਹੋਰ ਤਰ੍ਹਾਂ ਨਾ ਲੋੜੇ,– ਪਰਿਭਾਸ਼ਾਵਾਂ।

(ੳ) "ਵਿਰੂਪਣ" ਵਿੱਚ ਸੁੰਦਰਤਾ ਦੀ ਦਿੱਖ ਨੂੰ ਵਿਗਾੜਨਾ ਜਾਂ ਛੇੜਨਾ, ਜਾਂ ਕਿਸੇ ਹੋਰ ਤਰੀਕੇ ਨਾਲ ਨੁਕਸਾਨ ਪਹੁੰਚਾਉਣਾ, ਕਰੂਪ ਕਰਨਾ, ਖਰਾਬ ਕਰਨਾ ਜਾਂ ਹਾਨੀ ਪਹੁੰਚਾਉਣਾ ਸ਼ਾਮਲ ਹੈ ਅਤੇ 'ਵਿਰੂਪ' ਸ਼ਬਦ ਦਾ ਅਰਥ ਉਸੇ ਅਨੁਸਾਰ ਕੀਤਾ ਜਾਵੇਗਾ;

(ਅ) "ਸੰਪੱਤੀ" ਵਿੱਚ ਕੋਈ ਭੋਂ, ਇਮਾਰਤ, ਝੌਂਪੜੀ, ਢਾਂਚਾ, ਕੰਧ, ਰੁੱਖ, ਵਾੜ, ਚੌਂਕੀ, ਖੰਭਾ ਜਾਂ ਕੋਈ ਹੋਰ ਉਸਾਰੀ ਸ਼ਾਮਲ ਹੈ; ਅਤੇ

(ੲ) "ਲਿਖਤ" ਵਿੱਚ ਸਟੈਂਸਿਲ ਦੁਆਰਾ ਪੇਸ਼ ਕੀਤੀ ਸਜਾਵਟ, ਖੁਣਵਾਈ ਜਾਂ ਸ਼ਿੰਗਾਰ ਸ਼ਾਮਲ ਹੈ।

ਸੰਪੱਤੀ ਦੇ ਵਿਰੂਪਣ ਲਈ ਡੰਨ।

3. (1) ਜੋ ਕੋਈ ਵੀ ਸੰਪੱਤੀ ਦੇ ਮਾਲਕ ਦੀ ਲਿਖਤੀ ਇਜਾਜ਼ਤ ਤੋਂ ਬਿਨ੍ਹਾਂ, ਜਨਤਾ ਦੀ ਦ੍ਰਿਸ਼ਟੀ ਵਿੱਚ ਕਿਸੇ ਵੀ ਸੰਪੱਤੀ ਨੂੰ ਸਿਆਹੀ, ਚਾਕ, ਪੇਂਟ ਜਾਂ ਕਿਸੇ ਹੋਰ ਸਮੱਗਰੀ ਨਾਲ ਲਿਖ ਕੇ ਜਾਂ ਨਿਸ਼ਾਨ ਲਗਾ ਕੇ ਜਾਂ ਸਮਾਨ, ਬੈਨਰ ਲਗਾ ਕੇ ਜਾਂ ਨੋਟਿਸ ਚਿਪਕਾਉਣ ਅਤੇ ਨਾਅਰੇ ਲਿਖ ਕੇ, ਅਜਿਹੀ ਸੰਪੱਤੀ ਦੇ ਮਾਲਕ ਜਾਂ ਦਖ਼ੀਲਕਾਰ ਦੇ ਨਾਮ ਅਤੇ ਪਤੇ ਨੂੰ ਦੱਸਣ ਦੇ ਪ੍ਰਯੋਜਨ ਨੂੰ ਛੱਡ ਕੇ, ਵਿਰੂਪਦਾ ਹੈ, ਤਾਂ ਉਹ ਕੈਦ ਦੀ ਅਉਧ ਨਾਲ ਜੋ ਛੇ ਮਹੀਨੇ ਤੱਕ ਵਧ ਸਕਦੀ ਹੈ ਜਾਂ ਜੁਰਮਾਨੇ ਨਾਲ ਜੋ ਇੱਕ ਹਜ਼ਾਰ ਰੁਪਏ ਤੱਕ ਵਧ ਸਕਦਾ ਹੈ ਜਾਂ ਦੋਵਾਂ ਦੀ ਸਜ਼ਾ ਦਿੱਤੇ ਜਾਣ ਯੋਗ ਹੋਵੇਗਾ।

(2) ਜਿੱਥੇ ਉਪ-ਧਾਰਾ (1) ਅਧੀਨ ਕੀਤਾ ਗਿਆ ਕੋਈ ਅਪਰਾਧ, ਕਿਸੇ ਹੋਰ ਵਿਅਕਤੀ ਜਾਂ ਕੰਪਨੀ ਜਾਂ ਹੋਰ ਨਿਗਮਤ ਬੌਡੀ ਜਾਂ ਵਿਅਕਤੀਆਂ ਦੀ ਸਭਾ (ਭਾਵੇਂ ਨਿਗਮਤ ਹੋਵੇ ਜਾਂ ਨ) ਦੇ ਲਾਭ ਲਈ ਹੈ, ਤਾਂ ਅਜਿਹਾ ਹੋਰ ਵਿਅਕਤੀ ਅਤੇ ਹਰੇਕ ਪ੍ਰਧਾਨ, ਚੇਅਰਮੈਨ, ਡਾਇਰੈਕਟਰ, ਭਾਈਵਾਲ, ਮੈਨੇਜਰ, ਸਕੱਤਰ, ਏਜੰਟ ਜਾਂ ਇਸ ਦੇ ਪ੍ਰਬੰਧਨ ਨਾਲ ਸਬੰਧਤ ਕੋਈ ਹੋਰ ਅਧਿਕਾਰੀ ਜਾਂ ਵਿਅਕਤੀ, ਜਿਹੀ ਕਿ ਸੂਰਤ ਹੋਵੇ, ਜਦੋਂ ਤੱਕ ਉਹ ਇਹ ਸਾਬਤ ਨਹੀਂ ਕਰਦਾ ਕਿ ਅਪਰਾਧ ਉਸ ਦੀ ਜਾਣਕਾਰੀ ਜਾਂ ਸਹਿਮਤੀ ਤੋਂ ਬਿਨਾਂ ਕੀਤਾ ਗਿਆ ਸੀ, ਨੂੰ ਅਜਿਹੇ ਅਪਰਾਧ ਦਾ ਦੋਸ਼ੀ ਸਮਝਿਆ ਜਾਵੇਗਾ।

ਅਪਰਾਧ ਦਾ ਸਮਾਇਤਯੋਗ ਹੋਣਾ।

4. ਇਸ ਐਕਟ ਅਧੀਨ ਸਜ਼ਾਯੋਗ ਅਪਰਾਧ ਸਮਾਇਤਯੋਗ ਹੋਵੇਗਾ।

ਰਾਜ ਸਰਕਾਰ ਦੀ ਲਿਖਤ ਮਿਟਾਉਣ ਦੀ ਸ਼ਕਤੀ।

5. ਧਾਰਾ 3 ਦੇ ਉਪਬੰਧਾਂ ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨਾਂ, ਰਾਜ ਸਰਕਾਰ ਅਜਿਹੇ ਕਦਮ ਚੁੱਕਣ ਲਈ ਸ਼ਕਤਵਾਨ ਹੋਵੇਗੀ ਜੋ ਕਿਸੇ ਸੰਪੱਤੀ ਤੋਂ ਕਿਸੇ ਲਿਖਤ ਨੂੰ ਮਿਟਾਉਣ, ਕਿਸੇ ਵਿਰੂਪਤਾ ਤੋਂ ਮੁਕਤ ਕਰਨ ਜਾਂ ਕਿਸੇ ਨਿਸ਼ਾਨ ਨੂੰ ਹਟਾਉਣ ਲਈ ਜ਼ਰੂਰੀ ਹੋ ਸਕਦੇ ਹਨ।

ਪਰਮ ਪ੍ਰਭਾਵ।

6. ਤੱਤ ਸਮੇਂ ਨਾਫ਼ਜ਼ ਕਿਸੇ ਹੋਰ ਕਾਨੂੰਨ ਵਿੱਚ ਉਲਟ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਇਸ ਐਕਟ ਦੇ ਉਪਬੰਧ ਪ੍ਰਭਾਵੀ ਹੋਣਗੇ।

ਨਿਰਸਨ ਅਤੇ ਬਚਾਓ।

7. (1) ਪੰਜਾਬ ਸੰਪੱਤੀ ਦੇ ਵਿਰੂਪਣ ਦੀ ਰੋਕਥਾਮ ਆਰਡੀਨੈਂਸ, 1997 (1997 ਦਾ ਪੰਜਾਬ ਆਰਡੀਨੈਂਸ ਨੰ: 3) ਇੱਥੇ ਨਿਰਸਤ ਕੀਤਾ ਜਾਂਦਾ ਹੈ।

(2) ਅਜਿਹੇ ਨਿਰਸਨ ਦੇ ਹੁੰਦਿਆਂ ਹੋਇਆਂ ਵੀ, ਉਪ-ਧਾਰਾ (1) ਵਿੱਚ ਹਵਾਲਾ ਦਿੱਤੇ ਗਏ ਆਰਡੀਨੈਂਸ ਅਧੀਨ ਕੀਤੀ ਗਈ ਕੋਈ ਗੱਲ ਜਾਂ ਕੀਤੀ ਗਈ ਕੋਈ ਕਾਰਵਾਈ, ਇਸ ਐਕਟ ਦੇ ਤੱਤਸਥਾਨੀ ਉਪਬੰਧਾਂ ਅਧੀਨ ਕੀਤੀ ਗਈ ਜਾਂ ਕੀਤੀ ਜਾਣੀ ਸਮਝੀ ਜਾਵੇਗੀ।

ਬੀ.ਬੀ.ਐੱਸ. ਤੇਜੀ,
ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ।

*3679/4-2026/Pb. Govt. Press, S.A.S. Nagar*